India begins here



# ਪੰਜਾਬ ਸਰਕਾਰ

## ਵੱਲੋਂ

## ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੀ ਭਲਾਈ ਲਈ ਵਿਸ਼ੇਸ਼ ਉੱਦਮ

ਭਲਾਈ ਸਕੀਮਾਂ ਦਾ ਵੇਰਵਾ

GOVT. OF PUNJAB









ਸਰਦਾਰ ਗੁਲਜ਼ਾਰ ਸਿੰਘ ਰਣੀਕੇ, ਭਲਾਈ ਮੰਤਰੀ, ਪੰਜਾਬ ਵਲੋਂ ਭਲਾਈ ਵਿਭਾਗ ਦੀ ਵੈੱਬਸਾਈਟ ਮਿਤੀ 30-12-2014 ਨੂੰ ਚੰਡੀਗੜ੍ਹ ਵਿਖੇ ਉੱਚ ਅਧਿਕਾਰੀਆਂ ਨਾਲ ਲਾਂਚ ਕਰਦੇ ਹੋਏ।

**ਸ. ਪਰਕਾਸ਼ ਸਿਘ ਬਾਦਲ**
ਮੁੱਖ ਮੰਤਰੀ, ਪੰਜਾਬ

# ਸੰਦੇਸ਼



ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਪੰਜਾਬ ਸਰਕਾਰ ਦੇ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ ਵੱਲੋਂ ਗਰੀਬ ਵਰਗ ਦੇ ਲੋਕਾਂ, ਸਮੂਹ ਵਿਦਿਅਕ ਸੰਸਥਾਵਾਂ ਅਤੇ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਜਾਣਕਾਰੀ ਦੇਣ ਲਈ ਇਹ **"ਬਰੋਸ਼ਰ"** ਪ੍ਰਕਾਸ਼ਿਤ ਕਰਵਾ ਕੇ, ਉਨ੍ਹਾਂ ਵਿਚ ਵੰਡਣ ਦਾ ਵਧੀਆ ਉਪਰਾਲਾ ਕੀਤਾ ਗਿਆ ਹੈ। ਇਸ ਜਾਣਕਾਰੀ ਸਦਕਾ ਗਰੀਬ ਵਰਗ ਦੇ ਲੋਕ ਲੋੜੀਂਦੀਆਂ ਸਹੂਲਤਾਂ ਪ੍ਰਾਪਤ ਕਰ ਸਕਣਗੇ।

ਭਲਾਈ ਵਿਭਾਗ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕਰਦਾ ਹੋਇਆ ਮੈਂ ਆਪਣੀਆਂ ਸ਼ੁਭ ਇਛਾਵਾਂ ਦਿੰਦਾ ਹਾਂ।

**(ਪਰਕਾਸ਼ ਸਿੰਘ ਬਾਦਲ)**



**ਗੁਲਜਾਰ ਸਿਘ ਰਣੀਕੇ**
ਅਨੁਸੂਚਿਤ ਜਾਤੀਆਂ ਅਤੇ
ਪੱਛੜੀਆਂ ਸ਼੍ਰੇਣੀਆਂ, ਭਲਾਈ ਮੰਤਰੀ, ਪੰਜਾਬ

# ਸੰਦੇਸ਼

ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਸਰਬ-ਪੱਖੀ ਵਿਕਾਸ ਲਈ ਵਚਨ-ਬੱਧ ਹੈ। ਪੰਜਾਬ ਸਰਕਾਰ ਵੱਲੋਂ ਇਨ੍ਹਾਂ ਵਰਗਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਰਾਜ ਵਿੱਚ ਚਲਾਈਆਂ ਜਾ ਰਹੀਆਂ ਸਕੀਮਾਂ ਬਾਰੇ ਪੂਰਨ ਜਾਣਕਾਰੀ ਨਾ ਹੋਣ ਕਾਰਨ, ਉਹ ਇਨ੍ਹਾਂ ਸਕੀਮਾਂ ਅਧੀਨ ਮਿਲਣ ਵਾਲੇ ਲਾਭਾਂ ਤੋਂ ਅਕਸਰ ਵਾਂਝੇ ਰਹਿ ਜਾਂਦੇ ਹਨ ਭਾਂਵੇਂ ਭਲਾਈ ਵਿਭਾਗ ਵੱਲੋਂ, ਇਸ ਸਬੰਧ ਵਿਚ ਸਮੇਂ-ਸਮੇਂ ਤੇ ਫੋਲਡਰ/ਪੈਂਫਲੈਟ ਆਮ ਪਬਲਿਕ ਵਿੱਚ ਵੀ ਵੰਡੇ ਗਏ ਹਨ। ਪ੍ਰੰਤੂ ਇਹ ਮਹਿਸੂਸ ਕੀਤਾ ਗਿਆ ਹੈ ਕਿ ਇਨ੍ਹਾਂ ਵਰਗਾਂ ਨੂੰ ਅਜੇ ਵੀ ਭਲਾਈ ਵਿਭਾਗ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਪ੍ਰਤੀ ਹੋਰ ਵਧੇਰੇ ਜਾਣਕਾਰੀ ਦੇਣ ਦੀ ਲੋੜ ਹੈ ਤਾਂ ਜੋ ਉਹ ਅਜਿਹੀਆਂ ਸਕੀਮਾਂ ਅਧੀਨ ਸਰਕਾਰ ਵੱਲੋਂ ਦਿੱਤੇ ਜਾ ਰਹੇ ਲਾਭਾਂ ਨੂੰ ਪ੍ਰਾਪਤ ਕਰ ਸਕਣ।

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਹੈ ਕਿ ਭਲਾਈ ਵਿਭਾਗ ਵੱਲੋਂ ਗਰੀਬ ਵਰਗਾਂ ਦੇ ਵਿਕਾਸ ਲਈ ਲਾਗੂ ਕੀਤੀਆਂ ਜਾ ਰਹੀਆਂ ਸਕੀਮਾਂ ਬਾਰੇ ਆਮ ਪਬਲਿਕ ਨੂੰ ਜਾਣਕਾਰੀ ਦੇਣ ਲਈ, ਸਕੀਮਾਂ ਦਾ **"ਬਰੋਸ਼ਰ"** ਛਪਵਾ ਕੇ, ਉਨ੍ਹਾਂ ਵਿਚ ਵੰਡਣ ਦਾ ਵਧੀਆ ਉਪਰਾਲਾ ਕੀਤਾ ਗਿਆ ਹੈ, ਜੋ ਭਵਿੱਖ ਵਿੱਚ ਇਨ੍ਹਾਂ ਵਰਗਾਂ ਦੇ ਲੋਕਾਂ ਵਿੱਚ ਚੇਤਨਾ ਪੈਦਾ ਕਰੇਗਾ ਅਤੇ ਉਨ੍ਹਾਂ ਦੇ ਵਿਕਾਸ ਲਈ ਬਹੁਤ ਹੀ ਲਾਹੇਵੰਦ ਸਾਬਤ ਹੋਵੇਗਾ।

ਮੈਂ ਇਸ ਮੌਕੇ ਤੇ ਆਪਣੀਆਂ ਸ਼ੁਭ ਕਾਮਨਾਵਾਂ ਦਿੰਦਾ ਹਾਂ।

**(ਗੁਲਜ਼ਾਰ ਸਿੰਘ ਰਣੀਕੇ)**



# ਸੰਦੇਸ਼

**ਸੀਮਾ ਜੈਨ,** ਆਈ.ਏ.ਐਸ
ਸਕੱਤਰ ਪੰਜਾਬ ਸਰਕਾਰ,
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ
ਭਲਾਈ ਵਿਭਾਗ

ਮੈਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਈ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ ਵੱਲੋਂ ਰਾਜ ਦੇ ਗਰੀਬ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਲੋਕਾਂ ਨੂੰ, ਉਨ੍ਹਾਂ ਦੇ ਵਿਕਾਸ ਲਈ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਣ ਲਈ ਇੱਕ **"ਬਰੋਸ਼ਰ"** ਛਪਵਾਇਆ ਜਾ ਰਿਹਾ ਹੈ ਜੋ ਇਨ੍ਹਾਂ ਗਰੀਬ ਵਰਗਾਂ ਲਈ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਪ੍ਰਾਪਤ ਕਰਨ ਸਬੰਧੀ ਲਾਹੇਵੰਦ ਸਾਬਤ ਹੋਵੇਗਾ। ਮੈਨੂੰ ਉਮੀਦ ਹੈ ਕਿ ਇਸ ਜਾਣਕਾਰੀ ਸਦਕਾ ਇਹ ਵਰਗ ਭਲਾਈ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਪੂਰਨ ਲਾਭ ਪ੍ਰਾਪਤ ਕਰ ਸਕਣਗੇ।

ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਹੋਇਆ ਮੈਂ ਇਸ ਕਾਰਜ ਦੀ ਸਫਲਤਾ ਦੀ ਆਸ ਕਰਦੀ ਹਾਂ।

**(ਸੀਮਾ ਜੈਨ)**



# ਸੰਦੇਸ਼

**ਪਰਮਜੀਤ ਸਿੰਘ,** ਆਈ.ਏ.ਐਸ.
ਡਾਇਰੈਕਟਰ,
ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ,
ਭਲਾਈ ਵਿਭਾਗ, ਪੰਜਾਬ

ਮੈਨੂੰ ਇਸ ਗੱਲ ਦਾ ਮਾਣ ਹੈ ਕਿ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ ਵੱਲੋਂ ਰਾਜ ਦੇ ਗਰੀਬ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਲੋਕਾਂ ਦੇ ਸਮਾਜਿਕ, ਆਰਥਿਕ ਅਤੇ ਵਿਦਿਅਕ ਵਿਕਾਸ ਲਈ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਅਤੇ ਪ੍ਰੋਗਰਾਮਾਂ ਬਾਰੇ ਜਾਨਣ ਲਈ, ਇਨ੍ਹਾਂ ਵਰਗਾਂ ਦੀ ਸਹੂਲਤ ਲਈ ਇਕ **"ਬਰੋਸ਼ਰ"** ਛਪਵਾਇਆ ਜਾ ਰਿਹਾ ਹੈ। ਮੈਂ ਆਸ ਕਰਦਾ ਹਾਂ ਕਿ ਇਸ ਵਰਗ ਨਾਲ ਸਬੰਧਤ ਵਿਅਕਤੀ ਭਲਾਈ ਵਿਭਾਗ ਵੱਲੋਂ ਉਲੀਕੇ ਗਏ ਵੱਖ-ਵੱਖ ਭਲਾਈ ਪ੍ਰੋਗਰਾਮਾਂ/ਸਕੀਮਾਂ ਬਾਰੇ ਇਸ ਬਰੋਸ਼ਰ ਤੋਂ ਜਾਣਕਾਰੀ ਪ੍ਰਾਪਤ ਕਰਕੇ, ਇਨ੍ਹਾਂ ਸਕੀਮਾਂ ਅਧੀਨ ਲਾਭ ਪ੍ਰਾਪਤ ਕਰ ਸਕਣਗੇ।

ਭਲਾਈ ਵਿਭਾਗ ਦਾ ਇਹ ਉਪਰਾਲਾ ਜਨਤਾ ਲਈ ਲਾਹੇਵੰਦ ਸਾਬਤ ਹੋਵੇਗਾ।

**(ਪਰਮਜੀਤ ਸਿੰਘ)**

# ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਸਕੀਮਾਂ

## ਸ਼ਗਨ ਸਕੀਮ

- ਲੜਕੀ ਦੇ ਮਾਪੇ/ਸਰਪ੍ਰਸਤ ਅਨੁਸੂਚਿਤ ਜਾਤੀ, ਇਸਾਈ ਬਰਾਦਰੀ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧ ਰੱਖਦੇ ਹੋਣ; ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ ਲੜਕੀਆਂ ਅਤੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ;
- ਲੜਕੀ ਦੀ ਉਮਰ ਘੱਟੋ-ਘੱਟ 18 ਸਾਲ ਹੋਣੀ ਚਾਹੀਦੀ ਹੈ;
- ਲੜਕੀ ਦੇ ਪਰਿਵਾਰ ਦੀ ਸਲਾਨਾ ਆਮਦਨ 32,790/- ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ;
- ਸ਼ਗਨ ਸਕੀਮ ਅਧੀਨ ਦਰਖਾਸਤ ਵਿਆਹ ਦੀ ਮਿਤੀ ਤੋਂ ਪਹਿਲਾਂ ਅਤੇ ਵਿਆਹ ਦੀ ਮਿਤੀ ਤੋਂ 30 ਦਿਨ ਬਾਅਦ ਤੱਕ ਵੀ ਸਬੰਧਤ ਤਹਿਸੀਲ ਭਲਾਈ ਅਫਸਰ ਜਾਂ ਜ਼ਿਲ੍ਹਾ ਭਲਾਈ ਅਫਸਰ ਨੂੰ ਦਿੱਤੀ ਜਾਵੇਗੀ;
- ਸ਼ਗਨ ਸਕੀਮ ਅਧੀਨ 15,000/- ਰੁਪਏ ਪ੍ਰਤੀ ਲੜਕੀ ਅਤੇ ਇੱਕ ਪਰਿਵਾਰ ਦੀਆਂ ਵੱਧ-ਤੋਂ ਵੱਧ ਦੋ ਲੜਕੀਆਂ, ਦੀ ਸ਼ਾਦੀ ਸਮੇਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।
- ਸ਼ਗਨ ਦੀ ਅਦਾਇਗੀ ਉਪਰੰਤ ਲਾਭਪਾਤਰੀਆਂ ਨੂੰ ਬੈਂਕਾਂ ਵਲੋਂ ਐਸ ਐਮ ਐਸ ਰਾਹੀਂ ਸੁਨੇਹਾ ਦਿੱਤਾ ਜਾਂਦਾ ਹੈ।
- ਸਕੀਮ ਅਧੀਨ ਸਾਲ 2012-13 ਦੌਰਾਨ 124.30 ਕਰੋੜ ਰੁਪਏ ਦੀ ਰਾਸ਼ੀ ਨਾਲ 82,867 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ। ਸਾਲ 2013-14 ਤੋਂ 2014-15 ਦੌਰਾਨ (30 ਨਵੰਬਰ, 2014 ਤੱਕ) 180.47 ਕਰੋੜ ਰੁਪਏ ਦੀ ਰਾਸ਼ੀ ਨਾਲ 1,20,314 ਲਾਭਪਾਤਰੀਆਂ ਨੂੰ ਲਾਭ ਦਿੱਤਾ ਗਿਆ।








## ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪੋਸਟ ਮੈਟ੍ਰਿਕ ਕਲਾਸ 10+1, 10+2, ਡਿਪਲੋਮਾ/ਡਿਗਰੀ ਕੋਰਸ, ਮਾਸਟਰ ਡਿਗਰੀ ਅਤੇ ਪ੍ਰੋਫੈਸ਼ਨਲ ਕੋਰਸਾਂ ਮੈਡੀਕਲ/ਇੰਜਨੀਅਰਿੰਗ ਦੀ ਪੜ੍ਹਾਈ ਕਰਦਾ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਵੱਧ ਨਾ ਹੋਵੇ;
- ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ (Non-refundable compulsory fees) ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ।
- ਕੋਰਸ ਦੇ ਗਰੁੱਪ ਮੁਤਾਬਿਕ ਹੋਸਟਲਰ ਨੂੰ 380/- ਤੋਂ 1200/- ਰੁਪਏ ਅਤੇ ਡੇ-ਸਕਾਲਰ ਨੂੰ 230/- ਤੋਂ 550/- ਰੁਪਏ ਤੱਕ ਪ੍ਰਤੀ ਮਹੀਨਾ ਮੇਨਟੇਨੈਂਸ ਅਲਾਊਂਸ ਦਿੱਤਾ ਜਾਂਦਾ ਹੈ।
- ਸਕੀਮ ਅਧੀਨ ਯੋਗ ਸਿਖਿਆਰਥੀਆਂ ਨੂੰ ਕਮਰਸ਼ੀਅਲ ਪਾਇਲਟ ਲਾਇਸੰਸ ਟ੍ਰੇਨਿੰਗ ਦਿਵਾਉਣ ਦਾ ਵੀ ਉਪਬੰਧ ਹੈ;
- ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ 2012-13 ਲਈ 161.63 ਕਰੋੜ ਰੁਪਏ ਦੀ ਰਾਸ਼ੀ ਨਾਲ 1,47,072 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2013-14 ਦੌਰਾਨ 181.00 ਕਰੋੜ ਰੁਪਏ ਦੀ ਰਾਸ਼ੀ ਨਾਲ 2,18,323 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 (4 ਜਨਵਰੀ, 2015) ਤੱਕ 2,28,368 ਵਿਦਿਆਰਥੀਆਂ ਨੂੰ 405.09 ਕਰੋੜ ਰੁਪਏ ਦੀ ਰਾਸ਼ੀ ਦਾ ਲਾਭ ਦਿੱਤਾ ਗਿਆ।



## ਅਨੁਸੂਚਿਤ ਜਾਤੀਆਂ ਦੇ 9ਵੀਂ ਅਤੇ 10ਵੀਂ ਕਲਾਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
- ਡੇ-ਸਕਾਲਰ ਵਿਦਿਆਰਥੀਆਂ ਨੂੰ 150/- ਅਤੇ ਹੋਸਟਲਰ ਨੂੰ 350/- ਰੁਪਏ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਸਕਾਲਰਸ਼ਿਪ ਅਤੇ ਡੇ-ਸਕਾਲਰ ਨੂੰ 750/- ਅਤੇ ਹੋਸਟਲਰ ਨੂੰ 1000/- ਰੁਪਏ ਪਾਠ-ਪੁਸਤਕਾਂ ਆਦਿ ਲਈ ਯਕਮੁਸ਼ਤ ਐਡਹਾਕ ਗਰਾਂਟ ਦਿੱਤੀ ਜਾਂਦੀ ਹੈ;
- ਸਕੀਮ ਤਹਿਤ ਸਾਲ 2013-14 ਦੌਰਾਨ 21.54 ਕਰੋੜ ਦੀ ਰਾਸ਼ੀ ਨਾਲ 1,10,446 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੌਰਾਨ 34.65 ਕਰੋੜ ਰੁਪਏ ਦੀ ਰਾਸ਼ੀ ਨਾਲ 1,55,982 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ਅਨੁਸੂਚਿਤ ਜਾਤੀਆਂ ਦੀਆਂ ਪ੍ਰਾਇਮਰੀ ਕਲਾਸਾਂ ਵਿੱਚ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫਾ ਸਕੀਮ

- ਵਿਦਿਆਰਥਣ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ;
- ਵਿਦਿਆਰਥਣ ਦੇ ਮਾਪਿਆਂ ਪਾਸ ਪੰਜ ਏਕੜ ਤੋਂ ਵੱਧ ਵਾਹੀ-ਯੋਗ ਜਮੀਨ ਨਾ ਹੋਵੇ ਅਤੇ ਆਮਦਨ ਕਰ ਦੀ ਹੱਦ ਵਿੱਚ ਨਾ ਆਉਂਦੇ ਹੋਣ;
- ਵਿਦਿਆਰਥਣ ਦੀ ਹਾਜ਼ਰੀ ਘੱਟੋ-ਘੱਟ 75% ਹੋਵੇ;
- ਯੋਗ ਵਿਦਿਆਰਥਣ ਨੂੰ 50/- ਰੁਪਏ ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਹਾਜ਼ਰੀ ਵਜ਼ੀਫ਼ਾ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 20.74 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 4,14,741 ਲੜਕੀਆਂ ਨੂੰ ਲਾਭ ਦਿੱਤਾ ਗਿਆ।



## ਡੀ-ਨੋਟੀਫਾਈਡ ਟਰਾਈਬਜ (ਵਿਮੁਕਤ ਜਾਤੀਆਂ) ਲਈ ਵਜ਼ੀਫ਼ਾ ਸਕੀਮ

- ਵਿਦਿਆਰਥਣ ਡੀ-ਨੋਟੀਫਾਈਡ ਟਰਾਈਬਜ (ਵਿਮੁਕਤ ਜਾਤੀ) ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ;
- ਵਿਦਿਆਰਥਣ ਦੇ ਮਾਪਿਆਂ ਦੀ ਸਲਾਨਾ ਆਮਦਨ 50,000/- ਰੁਪਏ ਤੋਂ ਵੱਧ ਨਾ ਹੋਵੇ;
- ਯੋਗ ਵਿਦਿਆਰਥੀਆਂ ਨੂੰ ਪ੍ਰਾਇਮਰੀ ਪੱਧਰ ਤੋਂ ਲਾਅ, ਪੋਸਟ-ਗਰੈਜੂਏਸ਼ਨ ਅਤੇ ਮੈਡੀਕਲ/ਇੰਜਨੀਅਰਿੰਗ ਤੱਕ ਦੇ ਕੋਰਸਾਂ ਦੀ ਪੜ੍ਹਾਈ ਲਈ ਹੋਸਟਲਰ ਨੂੰ 134/- ਤੋਂ 645/- ਰੁਪਏ ਪ੍ਰਤੀ ਮਹੀਨਾ ਅਤੇ ਡੇ-ਸਕਾਲਰ ਨੂੰ 30/- ਤੋਂ 477/- ਰੁਪਏ ਤੱਕ ਪ੍ਰਤੀ ਮਹੀਨਾ ਵਜ਼ੀਫ਼ਾ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 0.09 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 1,745 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀਂ ਤੋਂ 12ਵੀਂ ਕਲਾਸਿਜ਼) ਨੂੰ ਇਨਾਮ ਦੇਣ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਵਿਦਿਅਕ ਬਲਾਕ ਵਿੱਚੋਂ ਪ੍ਰਾਈਮਰੀ, ਮਿਡਲ ਅਤੇ ਹਾਈ ਸਕੂਲ ਪੱਧਰ ਦੀਆਂ ਖੇਡਾਂ ਵਿੱਚ ਪਹਿਲੀ, ਦੂਜੀ ਅਤੇ ਤੀਜੀ ਪੁਜ਼ੀਸ਼ਨ ਹਾਸਲ ਕਰਨ ਵਾਲੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਨੂੰ ਚੁਣਿਆ ਜਾਂਦਾ ਹੈ;



- 6ਵੀਂ ਤੋਂ 8ਵੀਂ, 9ਵੀਂ ਤੋਂ 10ਵੀਂ ਅਤੇ 10+1 ਅਤੇ 10+2 ਕਲਾਸਾਂ ਵਿੱਚ ਪੜ੍ਹਨ ਸਮੇਂ ਕ੍ਰਮਵਾਰ 3 ਸਾਲ, 2 ਸਾਲ ਅਤੇ 2 ਸਾਲ ਲਗਾਤਾਰ ਇਨਾਮ ਦਿੱਤਾ ਜਾਂਦਾ ਹੈ।
- ਪ੍ਰਾਇਮਰੀ ਪੱਧਰ ਤੇ 500/- ਰੁਪਏ, ਮਿਡਲ ਪੱਧਰ ਤੇ 750/- ਰੁਪਏ ਅਤੇ ਹਾਇਰ ਸੈਕੰਡਰੀ ਪੱਧਰ ਤੇ 1000/- ਰੁਪਏ ਪ੍ਰਤੀ ਸਾਲ ਅਵਾਰਡ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2014-15 ਦੌਰਾਨ 0.24 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 3,140 ਵਿਦਿਆਰਥੀਆਂ ਨੂੰ ਕਵਰ ਕਰਨ ਦਾ ਟੀਚਾ ਹੈ।







## ਅਨੁਸੂਚਿਤ ਜਾਤੀਆਂ ਦੇ ਪਹਿਲੀ ਤੋਂ ਦਸਵੀਂ ਜਮਾਤ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਮੁਫ਼ਤ ਪਾਠ-ਪੁਸਤਕਾਂ ਸਪਲਾਈ ਕਰਨ ਦੀ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਾਲੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹਦਾ ਹੋਵੇ;
- ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਦੀ ਵੰਡ ਵਿਦਿਅਕ ਸ਼ੈਸ਼ਨ ਦੇ ਸ਼ੁਰੂ ਵਿੱਚ ਸਰਵ-ਸਿੱਖਿਆ ਅਭਿਆਨ, ਸਿੱਖਿਆ ਵਿਭਾਗ ਦੇ ਅਧਿਕਾਰੀਆਂ ਰਾਹੀਂ ਕੀਤੀ ਜਾਂਦੀ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 121.57 ਕਰੋੜ ਰੁਪਏ ਦੀ ਲਾਗਤ ਦੀਆਂ 46,43,000 ਵਿਦਿਆਰਥੀਆਂ ਨੂੰ ਪਾਠ-ਪੁਸਤਕਾਂ ਦੀ ਸਪਲਾਈ ਕੀਤੀ ਗਈ।

## ਮਲੀਨ ਕਿੱਤਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਦੇ ਮਾਪੇ ਮਰੇ ਪਸ਼ੂਆਂ ਦੀ ਖੱਲ ਉਤਾਰਨ, ਚਮੜਾ ਰੰਗਣ, ਵੇਸਟ ਪਿਕਿੰਗ ਅਤੇ ਸਫ਼ਾਈ ਦਾ ਕੰਮ (ਜੋ ਰਵਾਇਤੀ ਸਕਵੈਂਜਿੰਗ ਨਾਲ ਸਬੰਧਤ ਹੋਵੇ) ਕਰਦੇ ਹੋਣ ਅਤੇ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ;
- ਵਿਦਿਆਰਥੀ ਕਿਸੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹਦਾ ਹੋਵੇ;
- ਵਿਦਿਆਰਥੀ ਨੂੰ 110/- ਰੁਪਏ ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਵਜ਼ੀਫ਼ਾ ਮਿਲਦਾ ਹੈ;
- ਸਾਲ ਵਿੱਚ ਇੱਕ ਵਾਰ 750/- ਰੁਪਏ ਪ੍ਰਤੀ ਵਿਦਿਆਰਥੀ ਐਡਹਾਕ ਗਰਾਂਟ ਦਿੱਤੀ ਜਾਂਦੀ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 1.01 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 5,555 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ਅੱਪ-ਗਰੇਡੇਸ਼ਨ ਆਫ ਮੈਰਿਟ ਆਫ ਸ਼ਡਿਊਲਡ ਕਾਸਟਸ ਸਟੂਡੈਂਟਸ ਸਕੀਮ

- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਸਕੀਮ ਅਧੀਨ 9ਵੀਂ ਤੋਂ 12ਵੀਂ ਕਲਾਸ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਵਿਦਿਅਕ ਮਿਆਰ ਨੂੰ ਉੱਚਾ ਚੁੱਕਣ ਲਈ ਵਿਸ਼ਿਆਂ ਦੇ ਮਾਹਿਰਾਂ ਦੁਆਰਾ ਸਪੈਸ਼ਲ ਕੋਚਿੰਗ ਦਿਵਾਈ ਜਾਂਦੀ ਹੈ;
- ਸਕੀਮ ਦਾ ਮੰਤਵ ਵਿਦਿਆਰਥੀਆਂ ਦੀ ਵਿਦਿਅਕ ਕਮਜ਼ੋਰੀ ਨੂੰ ਦੂਰ ਕਰਕੇ ਪ੍ਰੋਫੈਸ਼ਨਲ ਕੋਰਸਾਂ ਅਤੇ ਉਚੇਰੀ ਸਿੱਖਿਆ ਵਿੱਚ ਦਾਖਲੇ ਲਈ ਤਿਆਰ ਕਰਨਾ ਹੈ;
- ਅਨੁਸੂਚਿਤ ਜਾਤੀਆਂ ਦੀ ਘੱਟ ਪੜ੍ਹੀ-ਲਿਖੀ ਅਬਾਦੀ ਵਾਲੇ ਇਲਾਕੇ ਨੂੰ ਤਰਜੀਹ ਦਿੱਤੀ ਜਾਣੀ ਹੈ;
- ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਰਿਹਾਇਸ਼ ਅਤੇ ਖੁਰਾਕ ਵਾਸਤੇ 900/- ਰੁਪਏ ਪ੍ਰਤੀ ਵਿਦਿਆਰਥੀ, ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨਿਆਂ ਲਈ ਕੁੱਲ 9000/- ਰੁਪਏ ਮਿਲਦੇ ਹਨ;
- 300/- ਰੁਪਏ ਪ੍ਰਤੀ ਵਿਦਿਆਰਥੀ, ਪ੍ਰਤਿ ਮਹੀਨਾ ਪਾਕੇਟ ਮਨੀ ਮਿਲਦੀ ਹੈ;
- ਕਿਤਾਬਾਂ ਅਤੇ ਸਟੇਸ਼ਨਰੀ ਆਦਿ ਲਈ ਸਲਾਨਾ ਯੱਕਮੁਸ਼ਤ 3000/- ਰੁਪਏ ਮਿਲਦੇ ਹਨ;
- ਵਿਸ਼ਾ ਮਾਹਿਰਾਂ ਅਤੇ ਪ੍ਰਿੰਸੀਪਲ ਨੂੰ ਕੁੱਲ 10,000/- ਰੁਪਏ ਪ੍ਰਤੀ ਮਹੀਨਾ ਮਾਣ-ਭੱਤਾ ਦੇਣ ਦਾ ਉਪਬੰਧ ਹੈ।
- ਸਕੀਮ ਤਹਿਤ ਸਾਲ 2014-15 ਦੌਰਾਨ 150 ਵਿਦਿਆਰਥੀਆਂ ਨੂੰ ਲਾਭ ਦੇਣ ਦਾ ਟੀਚਾ ਹੈ।

## ਬਾਬੂ ਜਗਜੀਵਨ ਰਾਮ ਛਾਤਰਾਵਾਸ ਯੋਜਨਾ

- ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਜਾਂ ਯੂਨੀਵਰਸਿਟੀ ਵਿੱਚ ਅਨੁਸੂਚਿਤ ਜਾਤੀਆਂ ਦੇ ਪੜ੍ਹ ਰਹੇ ਲੜਕੇ ਅਤੇ ਲੜਕੀਆਂ ਨੂੰ ਰਿਹਾਇਸ਼ ਦੀ ਸੁਵਿਧਾ ਉਪਲਭੱਧ ਕਰਵਾਉਣ ਲਈ ਲੋੜਵੰਦ ਯੋਗ ਸੰਸਥਾ ਨੂੰ ਹੋਸਟਲ ਇਮਾਰਤ ਉਸਾਰਨ ਜਾਂ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ;
- ਸਰਕਾਰੀ ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਨੂੰ ਨਵੀਂ ਹੋਸਟਲ ਇਮਾਰਤ ਉਸਾਰਨ ਜਾਂ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ;
- ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲਾਂ/ਕਾਲਜਾਂ, ਵਿਦਿਅਕ ਅਦਾਰਿਆਂ ਨੂੰ ਕੇਵਲ ਪਹਿਲਾਂ ਮੌਜੂਦ ਹੋਸਟਲ ਇਮਾਰਤ ਵਿੱਚ ਵਾਧਾ ਕਰਨ ਲਈ ਐਸਟੀਮੇਟ ਦਾ 90% ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ ਅਤੇ 10% ਸਬੰਧਤ ਸੰਸਥਾ ਵਲੋਂ ਕੰਟ੍ਰੀਬਿਊਟ ਕੀਤਾ ਜਾਂਦਾ ਹੈ;




- ਉਸਾਰੀ ਜਾਣ ਵਾਲੀ ਇਮਾਰਤ ਵਿੱਚ ਘੱਟੋ-ਘੱਟ 100 ਵਿਦਿਆਰਥੀਆਂ ਦੀ ਰਿਹਾਇਸ਼ ਦੀ ਵਿਵਸਥਾ ਹੋਵੇ;
- ਉਸਾਰੀ ਜਾਣ ਵਾਲੀ ਇਮਾਰਤ ਦਾ ਨਕਸ਼ਾ ਅਤੇ ਐਸਟੀਮੇਟ ਕਿਸੇ ਮਾਨਤਾ ਪ੍ਰਾਪਤ ਆਰਕੀਟੈਕਟ ਵੱਲੋਂ ਤਿਆਰ ਕੀਤਾ ਹੋਵੇ ਅਤੇ ਲੋਕ ਨਿਰਮਾਣ ਵਿਭਾਗ (ਭ ਤੇ ਮ) ਵੱਲੋਂ ਪ੍ਰਵਾਨਤ ਹੋਵੇ;
- ਸਕੀਮ ਤਹਿਤ ਸਾਲ 2014-15 ਦੌਰਾਨ 21.13 ਕਰੋੜ ਰੁਪਏ ਦੀ ਰਾਸ਼ੀ ਨਾਲ 8 ਵਿਦਿਅਕ ਸੰਸਥਾਵਾਂ ਦੇ ਹੋਸਟਲ ਉਸਾਰਨ/ਵਾਧਾ ਕਰਨ ਦਾ ਟੀਚਾ ਹੈ।

## ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਪੰਜਾਬੀ ਸਟੈਨੋਗ੍ਰਾਫੀ ਦੀ ਸਿਖਲਾਈ ਦੇਣ ਦੀ ਸਕੀਮ



- ਵਿਦਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ, ਗ੍ਰੈਜੂਏਟ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਦਸਵੀਂ ਕਲਾਸ ਪੰਜਾਬੀ ਵਿਸ਼ੇ ਨਾਲ ਪਾਸ ਕੀਤੀ ਹੋਵੇ;
- ਭਾਸ਼ਾ ਵਿਭਾਗ ਰਾਹੀਂ ਪੰਜਾਬੀ ਸਟੈਨੋਗ੍ਰਾਫੀ ਦੀ ਮੁਫ਼ਤ ਟ੍ਰੇਨਿੰਗ ਦਿਵਾਈ ਜਾਂਦੀ ਹੈ ਅਤੇ 250/- ਰੁਪਏ, ਪ੍ਰਤੀ ਮਹੀਨਾ, ਵਜ਼ੀਫ਼ਾ ਦਿੱਤਾ ਜਾਂਦਾ ਹੈ;
- ਭਲਾਈ ਵਿਭਾਗ ਦੀ "ਸੈਟਿੰਗ ਅੱਪ ਆਫ ਇੰਸਟੀਚਿਊਟ ਫਾਰ ਟ੍ਰੇਨਿੰਗ ਟੂ ਸ਼ਡਿਊਲਡ ਕਾਸਟਸ ਇੰਨ ਸਟੈਨੋਗ੍ਰਾਫੀ ਸਿਖਲਾਈ ਸੰਸਥਾ" ਸਕੀਮ ਅਧੀਨ ਅਨੁਸੂਚਿਤ ਜਾਤੀ ਵਰਗ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰ ਨਾਲ ਸਬੰਧਤ ਉਮੀਦਵਾਰ ਨੂੰ ਜ਼ਿਲ੍ਹਾ ਭਲਾਈ ਅਫਸਰ ਦੇ ਦਫਤਰ ਅੰਮ੍ਰਿਤਸਰ, ਫਿਰੋਜ਼ਪੁਰ, ਪਟਿਆਲਾ ਅਤੇ ਡਾ: ਅੰਬੇਦਕਰ ਇੰਸਟੀਚਿਊਟ ਆਫ ਕੈਰੀਅਰ ਐਂਡ ਕੋਰਸਿਜ਼, ਮੁਹਾਲੀ ਵਿਖੇ ਪੰਜਾਬੀ ਅਤੇ ਅੰਗ੍ਰੇਜ਼ੀ ਸਟੈਨੋਗ੍ਰਾਫੀ ਦੀ ਟ੍ਰੇਨਿੰਗ ਦਿਵਾਈ ਜਾਂਦੀ ਹੈ;
- ਟ੍ਰੇਨਿੰਗ ਦੌਰਾਨ 750/- ਰੁਪਏ, ਪ੍ਰਤੀ ਮਹੀਨਾ, ਸਟੇਸ਼ਨਰੀ ਆਦਿ ਲਈ ਵਜ਼ੀਫਾ ਦਿੱਤਾ ਜਾਂਦਾ ਹੈ
- ਸਾਲ 2012-13 ਤੋਂ 2014-15 ਤੱਕ 1.48 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 446 ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਮੀਦਵਾਰਾਂ ਨੂੰ ਪੰਜਾਬੀ ਸਟੈਨੋਗ੍ਰਾਫੀ ਦੀ ਸਿਖਲਾਈ ਦਿਵਾਈ ਗਈ।

## ਅਨੁਸੂਚਿਤ ਜਾਤੀਆਂ ਨਾਲ ਸਬੰਧਤ ਯੁਵਕਾਂ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਵੋਕੇਸ਼ਨਲ ਟ੍ਰੇਨਿੰਗ ਦੇਣ ਦੀ ਸਕੀਮ

- ਸਿਖਿਆਰਥੀ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਸਿਖਿਆਰਥੀ ਗਰੀਬ ਪਰਿਵਾਰ ਨਾਲ ਸਬੰਧਤ ਅਤੇ ਬੇ-ਰੁਜ਼ਗਾਰ ਹੋਵੇ;
- ਸਿਖਿਆਰਥੀ ਨੂੰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਵਿੱਚ ਐਸ.ਸੀ.ਵੀ.ਟੀ. ਅਧੀਨ ਪ੍ਰਵਾਨਤ ਟਰੇਡਾਂ ਵਿੱਚ ਟ੍ਰੇਨਿੰਗ ਦਿਵਾ ਕੇ ਸਵੈ-ਰੁਜ਼ਗਾਰ ਸ਼ੁਰੂ ਕਰਨ ਜਾਂ ਨੌਕਰੀ ਪ੍ਰਾਪਤ ਕਰਨ ਲਈ ਹੁਨਰਮੰਦ ਬਣਾਇਆ ਜਾਂਦਾ ਹੈ;
- ਮੁਫ਼ਤ ਟ੍ਰੇਨਿੰਗ ਦੇ ਨਾਲ-ਨਾਲ 750/- ਰੁਪਏ, ਪ੍ਰਤੀ ਮਹੀਨਾ, ਵਜ਼ੀਫ਼ਾ ਦਿੱਤਾ ਜਾਂਦਾ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 7.36 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 3,798 ਯੁਵਕਾਂ ਨੂੰ ਟਰੇਨਿੰਗ ਦਿਵਾਈ ਗਈ।

# ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ-1955 - ਛੂਤ-ਛਾਤ ਦੂਰ ਕਰਨ ਅਤੇ ਅੱਤਿਆਚਾਰ ਰੋਕਥਾਮ ਐਕਟ-1989 ਤਹਿਤ ਅੱਤਿਆਚਾਰਾਂ ਤੋਂ ਪੀੜਤਾਂ ਨੂੰ ਵਿੱਤੀ ਸਹਾਇਤਾ ਦੇਣ ਦੀ ਸਕੀਮ

## ਛੂਤ-ਛਾਤ ਦੂਰ ਕਰਨ ਦੀ ਸਕੀਮ

- ਅੰਤਰ-ਜਾਤੀ ਵਿਆਹ ਕਰਾਉਣ ਵਾਲੇ ਜੋੜੇ (ਜਿਸ ਵਿੱਚ ਇੱਕ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਵੇ) ਨੂੰ ਉਤਸ਼ਾਹਿਤ ਕਰਨ ਲਈ 50,000/- ਰੁਪਏ ਦਿੱਤੇ ਜਾਂਦੇ ਹਨ;
- ਅਨੁਸੂਚਿਤ ਜਾਤੀਆਂ ਦੇ ਵਿਕਾਸ ਲਈ ਕੰਮ ਕਰ ਰਹੀਆਂ ਪੰਚਾਇਤਾਂ ਨੂੰ 25000/- ਰੁਪਏ ਪ੍ਰਤੀ ਪੰਚਾਇਤ ਵਿੱਤੀ ਸਹਾਇਤਾ ਵਜੋਂ ਦਿੱਤੇ ਜਾਂਦੇ ਹਨ;
- ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ-1955 ਦੇ ਉਪਬੰਧਾਂ ਬਾਰੇ ਆਮ ਜਨਤਾ ਨੂੰ ਜਾਣੂ ਕਰਵਾਉਣ ਲਈ ਬਲਾਕ ਪੱਧਰ ਤੇ ਸੈਮੀਨਾਰ, ਡਿਬੇਟਸ ਅਤੇ ਮਾਸਲੰਚ ਆਯੋਜਿਤ ਕਰਵਾਏ ਜਾਂਦੇ ਹਨ;
- ਸਕੀਮ ਤਹਿਤ 10.56 ਕਰੋੜ ਰੁਪਏ ਸਾਲ 2014-15 ਦੌਰਾਨ ਖਰਚ ਕਰਨ ਦਾ ਟੀਚਾ ਹੈ।



## ਅੱਤਿਆਚਾਰ ਰੋਕਥਾਮ ਐਕਟ-1989

- ਅਨੁਸੂਚਿਤ ਜਾਤੀਆਂ ਤੇ ਅੱਤਿਆਚਾਰ ਕਰਨ ਵਾਲੇ ਵਿਅਕਤੀਆਂ ਨੂੰ ਐਕਟ ਦੀਆਂ ਧਾਰਾਵਾਂ ਅਧੀਨ ਸਜ਼ਾ ਅਤੇ ਜੁਰਮਾਨਾ ਕਰਨ ਦਾ ਉਪਬੰਧ ਹੈ;
- ਅਨੁਸੂਚਿਤ ਜਾਤੀ ਦੇ ਮੈਂਬਰ ਨੂੰ ਨਾ-ਖਾਣਯੋਗ ਜਾਂ ਘਿਰਣਾ ਯੋਗ ਪਦਾਰਥ ਖਾਣ ਜਾਂ ਅਜਿਹਾ ਕੰਮ ਕਰਨ ਲਈ ਮਜ਼ਬੂਰ ਕਰਨ, ਬਲ-ਪੂਰਵਕ ਉਸ ਦੇ ਘਰ, ਜ਼ਮੀਨ ਤੋਂ ਬੇ-ਦਖਲ ਕਰਨ, ਵੋਟ ਪਾਉਣ ਤੋਂ ਰੋਕਣ, ਝੂਠੀ ਗਵਾਹੀ ਪਵਾਉਣ ਜਾਂ ਜਾਨੀ ਨੁਕਸਾਨ ਪਹੁੰਚਾਉਣ ਵਾਲੇ ਅਜਿਹੇ ਵਿਅਕਤੀਆਂ ਨੂੰ ਐਕਟ ਤਹਿਤ ਸਜ਼ਾ ਸਮੇਤ ਜ਼ੁਰਮਾਨਾ ਕਰਨ ਦੀ ਵਿਵਸਥਾ ਹੈ;
- ਐਕਟ ਦੇ ਉਪਬੰਧਾਂ ਅਨੁਸਾਰ ਮੋਨੀਟਰਿੰਗ ਕਰਨ ਲਈ ਰਾਜ ਪੱਧਰੀ ਹਾਈ ਪਾਵਰਡ ਵਿਜ਼ੀਲੈਂਸ ਅਤੇ ਮੋਨੀਟਰਿੰਗ ਕਮੇਟੀ ਅਤੇ ਜ਼ਿਲ੍ਹਾ ਪੱਧਰੀ ਵਿਜ਼ੀਲੈਂਸ ਅਤੇ ਮੋਨੀਟਰਿੰਗ ਕਮੇਟੀ ਦਾ ਗਠਨ ਕੀਤਾ ਹੋਇਆ ਹੈ;
- ਪੀੜਤ ਵਿਅਕਤੀ ਨੂੰ ਬਣਦਾ ਮੁਆਵਜ਼ਾ ਦੇਣ ਦੀ ਵਿਵਸਥਾ ਹੈ।

# ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਸਕੀਮਾਂ

## ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- 10+1 ਤੋਂ ਉੱਪਰ ਪੀ.ਐਚ.ਡੀ. ਜਾਂ ਮੈਡੀਕਲ/ਇੰਜਨੀਅਰਿੰਗ ਦੀ ਪੜ੍ਹਾਈ ਕਰਦਾ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 1.00 ਲੱਖ ਤੋਂ ਵੱਧ ਨਾ ਹੋਵੇ;
- ਨਾਨ-ਰਿਫੰਡੇਬਲ ਕੰਪਲਸਰੀ ਫੀਸਾਂ (Non-refundable compulsory fees) ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ। ਕੋਰਸ ਦੇ ਗਰੁੱਪ ਮੁਤਾਬਿਕ ਹੋਸਟਲਰ ਨੂੰ 260/- ਤੋਂ 750/- ਰੁਪਏ ਅਤੇ ਡੇ-ਸਕਾਲਰ ਨੂੰ 160/- ਤੋਂ 350/- ਰੁਪਏ ਤੱਕ, ਪ੍ਰਤੀ ਮਹੀਨਾ ਮੇਨਟੇਨੈਂਸ ਅਲਾਊਂਸ ਦਿੱਤਾ ਜਾਂਦਾ ਹੈ।
- ਸਕੀਮ ਅਧੀਨ ਯੋਗ ਸਿਖਿਆਰਥੀਆਂ ਨੂੰ ਕਮਰਸ਼ੀਅਲ ਪਾਇਲਟ ਲਾਇਸੰਸ ਟ੍ਰੇਨਿੰਗ ਦਿਵਾਉਣ ਦਾ ਵੀ ਉਪਬੰਧ ਹੈ;
- ਸਕੀਮ ਅਧੀਨ ਸਾਲ 2014-15 ਦੌਰਾਨ 201.63 ਕਰੋੜ ਰੁਪਏ ਦੀ ਰਾਸ਼ੀ ਨਾਲ 1,40,615 ਵਿਦਿਆਰਥੀ ਕਵਰ ਕਰਨ ਦਾ ਟੀਚਾ ਹੈ।

## ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਹੋਰ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 44,500/- ਰੁਪਏ ਤੋਂ ਵੱਧ ਨਾ ਹੋਵੇ;
- ਵਿਦਿਆਰਥੀ ਕਿਸੇ ਸਰਕਾਰੀ/ਪ੍ਰਾਈਵੇਟ ਮਾਨਤਾ ਪ੍ਰਾਪਤ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਕਲਾਸ ਵਿੱਚ ਪੜ੍ਹਦਾ ਹੋਵੇ;
- ਪਹਿਲੀ ਤੋਂ ਪੰਜਵੀਂ ਜਮਾਤ ਤੱਕ 25/- ਰੁਪਏ; ਛੇਵੀ ਤੋਂ ਅੱਠਵੀਂ ਜਮਾਤ ਤੱਕ 40/- ਰੁਪਏ ਅਤੇ ਨੌਂਵੀਂ ਤੋਂ ਦਸਵੀਂ ਜਮਾਤ ਤੱਕ 50/- ਰੁਪਏ, ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਵਜ਼ੀਫ਼ਾ ਮਿਲਦਾ ਹੈ;
- ਸਾਲ ਵਿੱਚ ਇੱਕ ਵਾਰ 500/- ਰੁਪਏ, ਪ੍ਰਤੀ ਵਿਦਿਆਰਥੀ, ਐਡਹਾਕ ਗਰਾਂਟ ਦਿੱਤੀ ਜਾਂਦੀ ਹੈ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 4.28 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 77,284 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰਾਂ ਦੀਆਂ ਪ੍ਰਾਇਮਰੀ ਪੱਧਰ ਤੇ ਪੜ੍ਹ ਰਹੀਆਂ ਲੜਕੀਆਂ ਨੂੰ ਹਾਜ਼ਰੀ ਵਜ਼ੀਫ਼ਾ ਦੇਣ ਦੀ ਸਕੀਮ

- ਵਿਦਿਆਰਥਣ ਪੱਛੜੀਆਂ ਸ਼੍ਰੇਣੀਆਂ ਜਾਂ ਆਰਥਿਕ ਤੌਰ ਤੇ ਕਮਜ਼ੋਰ ਪਰਿਵਾਰ ਨਾਲ ਸਬੰਧ ਰੱਖਦੀ ਹੋਵੇ ਅਤੇ ਪੰਜਾਬ ਰਾਜ ਦੀ ਪੱਕੀ ਵਸਨੀਕ ਹੋਵੇ;
- ਵਿਦਿਆਰਥਣ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ;
- ਵਿਦਿਆਰਥਣ ਦੀ ਹਾਜ਼ਰੀ ਘੱਟੋ-ਘੱਟ 75% ਹੋਵੇ;
- ਯੋਗ ਵਿਦਿਆਰਥਣ ਨੂੰ 50/- ਰੁਪਏ ਪ੍ਰਤੀ ਮਹੀਨਾ, ਸਾਲ ਵਿੱਚ 10 ਮਹੀਨਿਆਂ ਲਈ ਹਾਜ਼ਰੀ ਵਜ਼ੀਫ਼ਾ ਦਿੱਤਾ ਜਾਵੇਗਾ।
- ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 3.87 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 86,252 ਲੜਕੀਆਂ ਨੂੰ ਕਵਰ ਕੀਤਾ ਗਿਆ।

## ਘੱਟ ਗਿਣਤੀ ਵਰਗ ਦੀ ਭਲਾਈ ਲਈ ਸਕੀਮਾਂ

## ਭਾਰਤ ਸਰਕਾਰ ਵੱਲੋਂ ਸਿੱਖ, ਮੁਸਲਮਾਨ, ਕ੍ਰਿਸਚਿਅਨ, ਬੋਧੀ, ਪਾਰਸੀ ਅਤੇ ਜੈਨ ਘੱਟ ਗਿਣਤੀ ਵਰਗ ਘੋਸ਼ਿਤ ਕੀਤੇ ਗਏ ਹਨ।

## ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 1.00 ਲੱਖ ਤੋਂ ਵੱਧ ਨਾ ਹੋਵੇ;
- 30% ਵਜ਼ੀਫੇ ਲੜਕੀਆਂ ਲਈ ਰਾਖਵੇਂ ਹਨ;
- ਵਿਦਿਆਰਥੀ ਦੇ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ;
- ਪਰਿਵਾਰ ਦੇ ਦੋ ਵਿਦਿਆਰਥੀਆਂ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ;
- ਵਜ਼ੀਫੇ ਦੀ ਸਾਲਾਨਾ ਦਰ 1000/- ਤੋਂ 10700/- ਰੁਪਏ ਤੱਕ ਹੈ ਇਸ ਵਿੱਚ ਦਾਖਲਾ ਫੀਸ, ਟਿਊਸ਼ਨ ਫੀਸ ਤੇ ਮੈਨਟੀਨੈਂਸ ਅਲਾਊਂਸ ਸਾਮਲ ਹਨ।
- ਸਕੀਮ ਤਹਿਤ ਸਾਲ 2012-13 ਤੋਂ 2013-14 ਤੱਕ 163.16 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 6,19,765 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੌਰਾਨ 141.38 ਕਰੋੜ ਰੁਪਏ ਖਰਚ ਕਰਕੇ 5,29,166 ਵਿਦਿਆਰਥੀਆਂ ਨੂੰ ਲਾਭ ਦੇਣ ਦਾ ਟੀਚਾ ਹੈ।

## ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਪੋਸਟ-ਮੈਟ੍ਰਿਕ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.00 ਲੱਖ ਤੋਂ ਵੱਧ ਨਾ ਹੋਵੇ;
- 30% ਵਜ਼ੀਫੇ ਲੜਕੀਆਂ ਲਈ ਰਾਖਵੇਂ ਹਨ:
- ਵਿਦਿਆਰਥੀ ਦੇ ਪਿਛਲੀ ਪਾਸ ਕੀਤੀ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ:
- ਪਰਿਵਾਰ ਦੇ ਦੋ ਵਿਦਿਆਰਥੀਆਂ ਤੱਕ ਵਜ਼ੀਫਾ ਦਿੱਤਾ ਜਾਂਦਾ ਹੈ:
- ਵਜ਼ੀਫੇ ਦੀ ਦਰ 5500/- ਤੋਂ 13800/- ਰੁਪਏ ਸਾਲਾਨਾ ਤੱਕ ਹੈ ਇਸ ਵਿੱਚ ਦਾਖਲਾ ਫੀਸ, ਟਿਊਸ਼ਨ ਫੀਸ ਅਤੇ ਮੇਨਟੇਨੈਂਸ ਅਲਾਊਂਸ ਸਾਮਲ ਹਨ।
- ਸਕੀਮ ਤਹਿਤ ਸਾਲ 2012-13 ਤੋਂ 2013-14 ਤੱਕ 84.93 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 1,30,981 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੌਰਾਨ 53.45 ਕਰੋੜ ਰੁਪਏ ਖਰਚ ਕਰਕੇ 94,995 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ਘੱਟ ਗਿਣਤੀ ਵਰਗ ਨਾਲ ਸਬੰਧਤ ਵਿਦਿਆਰਥੀਆਂ ਲਈ ਮੈਰਿਟ-ਕਮ-ਮੀਨਜ ਬੇਸਡ ਸਕਾਲਰਸ਼ਿਪ ਸਕੀਮ

- ਵਿਦਿਆਰਥੀ ਘੱਟ ਗਿਣਤੀ ਵਰਗ ਨਾਲ ਸਬੰਧ ਰੱਖਦਾ ਹੋਵੇ ਅਤੇ ਪੰਜਾਬ ਰਾਜ ਦਾ ਪੱਕਾ ਵਸਨੀਕ ਹੋਵੇ;
- ਪਰਿਵਾਰ ਦੀ ਸਲਾਨਾ ਆਮਦਨ 2.50 ਲੱਖ ਤੋਂ ਵੱਧ ਨਾ ਹੋਵੇ;
- ਵਿਦਿਆਰਥੀ ਦੀ ਪਿਛਲੀ ਪਾਸ ਪ੍ਰੀਖਿਆ ਵਿੱਚ 50% ਤੋਂ ਘੱਟ ਅੰਕ ਨਾ ਹੋਣ;
- ਵਜ਼ੀਫਾ ਪਰਿਵਾਰ ਦੇ ਦੋ ਵਿਦਿਆਰਥੀਆਂ ਤੱਕ ਦਿੱਤਾ ਜਾਂਦਾ ਹੈ;
- ਵਜ਼ੀਫੇ ਦੀ ਸਾਲਾਨਾ ਦਰ 25000/- ਤੋਂ 30,000/- ਰੁਪਏ ਤੱਕ ਹੈ। ਜਿਹੜਾ ਵਿਦਿਆਰਥੀ ਨੈਸ਼ਨਲ ਲੈਵਲ ਸੰਸਥਾਵਾਂ (National level institutions such as IITs, IIMs, AIMS, PGI etc) ਵਿੱਚ ਪੜਦਾ ਹੈ, ਉਸਨੂੰ ਕੋਰਸ ਦੀ ਪੂਰੀ ਫੀਸ ਦੀ ਪ੍ਰਤੀ-ਪੂਰਤੀ ਕੀਤੀ ਜਾਂਦੀ ਹੈ।
- ਸਕੀਮ ਤਹਿਤ ਸਾਲ 2012-13 ਤੋਂ 2013-14 ਤੱਕ 36.82 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 16,090 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ। ਸਾਲ 2014-15 ਦੋਰਾਨ 21.52 ਕਰੋੜ ਰੁਪਏ ਖਰਚ ਕਰਕੇ 7,168 ਵਿਦਿਆਰਥੀਆਂ ਨੂੰ ਲਾਭ ਦਿੱਤਾ ਗਿਆ।

## ਅੰਬੇਦਕਰ ਇੰਸਟੀਚਿਊਟ ਆਫ ਕਰੀਅਰ ਐਂਡ ਕੋਰਸਿਜ, ਐਸ.ਏ.ਐਸ. ਨਗਰ (ਮੋਹਾਲੀ)

ਪੰਜਾਬ ਸਰਕਾਰ ਵਲੋਂ ਕੇਂਦਰ ਸਰਕਾਰ, ਰਾਜ ਸਰਕਾਰ, ਪਬਲਿਕ ਸੈਕਟਰ ਅੰਡਰਟੇਕਿੰਗ ਅਤੇ ਬੈਂਕਾਂ ਆਦਿ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਦੀ ਪ੍ਰਤਿ-ਨਿਧਤਾ ਪੂਰੀ ਕਰਨ ਦੇ ਮਕਸਦ ਨਾਲ ਸਾਲ 1986-87 ਦੌਰਾਨ ਇਸ ਸੰਸਥਾ ਦੀ ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਸਥਾਪਨਾ ਕੀਤੀ ਗਈ ਸੀ। ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਦਿਆਰਥੀ, ਜਿਨ੍ਹਾਂ ਦੀ ਪਰਿਵਾਰਕ ਸਲਾਨਾ ਆਮਦਨ 1.00 ਲੱਖ ਰੁਪਏ ਤੋਂ ਵੱਧ ਨਾ ਹੋਵੇ, ਨੂੰ ਇਸ ਸੰਸਥਾ ਵਿੱਚ ਆਈ.ਏ.ਐਸ., ਪੀ.ਸੀ.ਐਸ., ਪੀ.ਓ., ਬੈਂਕਿੰਗ ਸਰਵਿਸਜ, ਐਲ.ਆਈ.ਸੀ., ਪੀ.ਐਮ.ਟੀ., ਸੀ.ਈ.ਟੀ., ਸਹਾਇਕ ਗਰੇਡ ਅਤੇ ਗਰੁੱਪ-ਏ ਅਤੇ ਗਰੁੱਪ-ਬੀ ਸੇਵਾਵਾਂ ਸਬੰਧੀ ਕੇਂਦਰੀ ਲੋਕ ਸੇਵਾ ਕਮਿਸ਼ਨ (ਯੂ.ਪੀ.ਐਸ.ਸੀ.), ਰਾਜ ਲੋਕ ਸੇਵਾ ਕਮਿਸ਼ਨ (ਪੀ.ਪੀ.ਐਸ.ਸੀ.) ਵਲੋਂ ਲਏ ਜਾਣ ਵਾਲੇ ਇਮਤਿਹਾਨਾਂ ਆਦਿ ਲਈ ਪੂਰਵ-ਇਮਤਿਹਾਨ ਕੋਚਿੰਗ ਦਿੱਤੀ ਜਾਂਦੀ ਹੈ। ਇਸ ਸੰਸਥਾ ਵਿੱਚ ਸਿਖਿਆਰਥੀਆਂ ਲਈ ਹੋਸਟਲ ਦੀ ਸੁਵਿਧਾ ਵੀ ਉਪਲਭੱਧ ਹੈ। ਲੋਕਲ ਸਿਖਿਆਰਥੀਆਂ ਨੂੰ 750/- ਰੁਪਏ ਅਤੇ ਬਾਹਰੋਂ ਆਉਣ ਵਾਲੇ ਸਿਖਿਆਰਥੀਆਂ ਨੂੰ 1500/- ਰੁਪਏ, ਪ੍ਰਤੀ ਮਹੀਨਾ, ਵਜ਼ੀਫ਼ਾ ਦਿੱਤਾ ਜਾਂਦਾ ਹੈ। ਸਕੀਮ ਦਾ ਦਾਇਰਾ ਵਧਾ ਕੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਸਿਖਿਆਰਥੀਆਂ ਨੂੰ ਵੀ ਕੋਚਿੰਗ ਦਾ ਲਾਭ ਦਿੱਤਾ ਜਾ ਰਿਹਾ ਹੈ।

ਸਕੀਮ ਤਹਿਤ ਸਾਲ 2012-13 ਤੋਂ 2014-15 ਤੱਕ 2.42 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 482 ਵਿਦਿਆਰਥੀ ਕਵਰ ਕੀਤੇ ਗਏ।





# ਪੰਜਾਬ ਅਨੁਸੂਚਿਤ ਜਾਤੀਆਂ, ਭੋਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ



ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀਆਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਸਾਲ 1970 ਵਿੱਚ ਪੰਜਾਬ ਅਨੁਸੂਚਿਤ ਜਾਤੀਆਂ ਭੋਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੀ ਸਥਾਪਨਾ ਕੀਤੀ ਸੀ। ਗਰੀਬੀ ਦੀ ਰੇਖਾ ਤੋਂ ਹੇਠਾਂ ਦਾ ਜੀਵਨ ਬਤੀਤ ਕਰ ਰਹੇ ਅਨੁਸੂਚਿਤ ਜਾਤੀਆਂ ਦੇ ਵਿਅਕਤੀ ਬੈਂਕ ਟਾਈ- ਅੱਪ ਸਕੀਮ ਅਧੀਨ ਸਵੈ-ਰੁਜ਼ਗਾਰ ਕੰਮਾਂ ਲਈ ਕਰਜ਼ਾ ਪ੍ਰਾਪਤ ਕਰ ਸਕਦੇ ਹਨ, ਜਿਸ ਵਿੱਚੋਂ ਕਰਜ਼ੇ ਦਾ 50% ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬ-ਸਿਡੀ ਦਿੱਤੀ ਜਾਂਦੀ ਹੈ। ਡਾਇਰੈਕਟ ਲੈਂਡਿੰਗ ਸਕੀਮ ਅਧੀਨ ਕਾਰਪੋਰੇਸ਼ਨ ਵਲੋਂ 0-8% ਵਿਆਜ਼ ਦੀ ਦਰ ਨਾਲ 5 ਲੱਖ ਰੁਪਏ ਤੱਕ ਕਰਜਾ ਦਿੱਤਾ ਜਾਂਦਾ ਹੈ ਤੇ ਜ਼ਮੀਨ ਖਰੀਦਣ ਲਈ 20 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾ ਸਕਦਾ ਹੈ। ਬੇ-ਰੋਜ਼ਗਾਰ ਨੌਜਵਾਨਾਂ ਵਾਸਤੇ ਆਮਦਨ ਦੀ ਕੋਈ ਸੀਮਾ ਨਿਸ਼ਚਿਤ ਨਹੀਂ, ਬਾਕੀ ਲਈ ਆਮਦਨ ਹੱਦ 1.00 ਲੱਖ ਰੁਪਏ ਸਲਾਨਾ ਹੈ। ਇਸ ਤੋਂ ਇਲਾਵਾ ਨੈਸ਼ਨਲ ਪੱਧਰ ਦੀਆਂ ਹੇਠ ਲਿਖੀਆਂ ਤਿੰਨ ਕਾਰਪੋਰੇਸ਼ਨਜ ਦੀਆਂ ਸਕੀਮਾਂ ਲਾਗੂ ਕਰਨ ਲਈ ਇਸ ਕਾਰਪੋਰੇਸ਼ਨ ਨੂੰ ਨੋਡਲ ਏਜੰਸੀ ਨਾਮਜਦ ਕੀਤਾ ਹੋਇਆ ਹੈ :

1. **ਐਨ.ਐਸ.ਐਫ.ਡੀ.ਸੀ.** ਦੀ ਸਹਾਇਤਾ ਨਾਲ ਸਮਾਲ ਸਕੇਲ ਇੰਡਸਟਰੀ, ਛੋਟੇ ਬਿਜ਼ਨੈਸ, ਖੇਤੀਬਾੜੀ, ਛੋਟੇ-ਮੋਟੇ ਕੰਮ ਸ਼ੁਰੂ ਕਰਨ ਅਤੇ ਪੜ੍ਹਾਈ ਆਦਿ ਲਈ ਕਰਜ਼ਾ ਦਿੱਤਾ ਜਾਂਦਾ ਹੈ। ਬੀ.ਪੀ.ਐਲ. ਦੀ ਆਮਦਨ ਸੀਮਾ ਤੋਂ ਦੁੱਗਣੀ ਆਮਦਨ ਵਾਲੇ ਵਿਅਕਤੀਆਂ ਨੂੰ 30 ਲੱਖ ਰੁਪਏ ਤੱਕ ਕਰਜ਼ਾ ਦਿੱਤਾ ਜਾਂਦਾ ਹੈ। ਬੀ.ਪੀ.ਐਲ. ਲਾਭਪਾਤਰੀਆਂ ਨੂੰ ਕਰਜ਼ੇ ਦਾ 50% ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬ-ਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ 5 ਲੱਖ ਤੱਕ 6% ਅਤੇ ਇਸ ਤੋਂ ਵੱਧ ਕਰਜ਼ਾ 10% ਤੱਕ ਸਲਾਨਾ ਵਿਆਜ਼ ਦਰ ਤੇ ਦਿੱਤਾ ਜਾਂਦਾ ਹੈ।
2. **ਐਨ.ਐਸ.ਕੇ.ਐਫ.ਡੀ.ਸੀ.** ਰਾਹੀਂ ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਡੇਅਰੀ ਫਾਰਮਿੰਗ, ਖਾਣ-ਪੀਣ ਤੇ ਸਬਜ਼ੀ ਦੀ ਰੇਹੜ੍ਹੀ, ਆਟੋ-ਮੋਬਾਇਲ ਦੀ ਮੁਰੰਮਤ ਦੀ ਦੁਕਾਨ ਅਤੇ ਸਾਈਕਲ ਮੁਰੰਮਤ ਆਦਿ ਲਈ 6% ਵਿਆਜ਼ ਦਰ ਨਾਲ ਕਰਜ਼ੇ ਦਿੱਤੇ ਜਾਂਦੇ ਹਨ। ਬੀ.ਪੀ.ਐਲ. ਲਾਭਪਾਤਰੀਆਂ ਨੂੰ ਕਰਜ਼ੇ ਦਾ 50% ਜਾਂ 10,000/- ਰੁਪਏ, ਜੋ ਵੀ ਘੱਟ ਹੋਵੇ, ਦੀ ਸਬ-ਸਿਡੀ ਦਿੱਤੀ ਜਾਂਦੀ ਹੈ। ਇਸ ਸਕੀਮ ਅਧੀਨ ਕਰਜ਼ਾ ਪ੍ਰਾਪਤ ਕਰਨ ਲਈ ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਹੈ।
3. **ਨੈਸ਼ਨਲ ਹੈਂਡੀਕਰਾਫਟ ਫਿਨਾਂਸ ਡਿਵੈਲਪਮੈਂਟ** ਕਾਰਪੋਰੇਸ਼ਨ ਦੀਆਂ ਸਕੀਮਾਂ ਅਧੀਨ 40% ਜਾਂ ਇਸ ਤੋਂ ਵੱਧ ਅੰਗਹੀਣ ਵਿਅਕਤੀਆਂ ਨੂੰ ਜਨਰਲ ਪ੍ਰੋਵੀਜ਼ਨ ਸਟੋਰ, ਜੁੱਤੀਆਂ ਦੀ ਦੁਕਾਨ, ਰੈਡੀਮੇਡ ਗਾਰਮੈਂਟਸ ਅਤੇ ਸਟੇਸ਼ਨਰੀ ਆਦਿ ਲਈ ਕਰਜ਼ੇ ਦਿੱਤੇ ਜਾਂਦੇ ਹਨ। ਕੋਈ ਆਮਦਨ ਹੱਦ ਨਿਸ਼ਚਿਤ ਨਹੀਂ ਪਰ 90% ਲਾਭਪਾਤਰੀ 5 ਲੱਖ ਤੋਂ ਘੱਟ ਸਲਾਨਾ ਆਮਦਨ ਵਾਲੇ ਹੋਣੇ ਚਾਹੀਦੇ ਹਨ। 5 ਲੱਖ ਰੁਪਏ ਤੱਕ ਕਰਜ਼ੇ ਤੇ ਸਲਾਨਾ ਵਿਆਜ਼ ਦਰ 6% ਅਤੇ ਇਸ ਤੋਂ ਵੱਧ ਤੇ 8% ਹੈ।

ਸਕੀਮਾਂ ਤਹਿਤ ਸਾਲ 2012-13 ਤੋਂ 2014-15 ਤੱਕ 11.08 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 1006 ਲਾਭਪਾਤਰੀ ਕਵਰ ਕੀਤੇ ਗਏ ।

## ਪੰਜਾਬ ਪੱਛੜੀਆਂ ਸ਼੍ਰੇਣੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ (ਬੈਕਫਿੰਕੋ)

ਪੰਜਾਬ ਸਰਕਾਰ ਨੇ ਬੈਕਫਿੰਕੋ ਦੀ ਸਥਾਪਨਾ 1976 ਵਿੱਚ ਪੱਛੜੀਆਂ ਸ਼੍ਰੇਣੀਆਂ ਨੂੰ ਸਵੈ-ਰੁਜ਼ਗਾਰ ਕੰਮਾਂ ਲਈ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਦਾ ਆਰਥਿਕ ਮਿਆਰ ਉੱਚਾ ਚੁੱਕਣ ਦੇ ਮਨੋਰਥ ਨਾਲ ਕੀਤੀ ਸੀ। ਉਸ ਤੋਂ ਬਾਅਦ 1994 ਵਿੱਚ ਪੰਜਾਬ ਸਰਕਾਰ ਨੇ ਬੈਕਫਿੰਕੋ ਨੂੰ ਰਾਸ਼ਟਰੀ ਘੱਟ ਗਿਣਤੀ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਘੱਟ ਗਿਣਤੀ ਵਰਗ ਦਾ ਆਰਥਿਕ ਮਿਆਰ ਉੱਚਾ ਚੁੱਕਣ ਲਈ ਨੋਡਲ ਏਜੰਸੀ ਨਾਮਜਦ ਕੀਤਾ ਸੀ।

ਬੈਕਫਿੰਕੋ ਵੱਲੋਂ ਵੱਖ-ਵੱਖ ਸਵੈ ਰੋਜ਼ਗਾਰ ਸਕੀਮਾਂ ਜਿਵੇਂ ਕਿ ਡੇਅਰੀ ਫਾਰਮਿੰਗ, ਪੋਲਟਰੀ ਫਾਰਮਿੰਗ, ਕਾਰਪੈਂਟਰੀ, ਫਰਨੀਚਰ ਦੀ ਦੁਕਾਨ, ਜਨਰਲ ਸਟੋਰ, ਇੰਟਰਨੈੱਟ/ਸਾਇਬਰ ਕੈਫੇ, ਛੋਟੇ ਉਦਯੋਗ ਅਤੇ ਸਰਵਿਸ ਸੈਕਟਰ ਆਦਿ ਨਾਲ ਸਬੰਧਤ ਸਕੀਮਾਂ ਲਈ 6% ਸਲਾਨਾ ਵਿਆਜ਼ ਦੀ ਦਰ ਤੇ ਕਰਜ਼ਾ ਦਿੱਤਾ ਜਾਂਦਾ ਹੈ ਅਤੇ ਇਹ ਕਰਜ਼ਾ 5 ਸਾਲਾਂ ਵਿੱਚ ਅਸਾਨ ਕਿਸ਼ਤਾਂ ਰਾਹੀਂ ਵਸੂਲਿਆ ਜਾਂਦਾ ਹੈ। ਇਸ ਤੋਂ ਇਲਾਵਾ ਕਾਰਪੋਰੇਸ਼ਨ ਐਜੂਕੇਸ਼ਨ ਕਰਜਾ ਸਕੀਮ (Education Loan Scheme) ਅਧੀਨ 3% ਸਲਾਨਾ ਵਿਆਜ਼ ਦਰ ਤੇ ਕਰਜ਼ਾ ਦਿੰਦੀ ਹੈ। Skill Development ਪ੍ਰੋਗਰਾਮ ਅਧੀਨ ਵੱਖ-ਵੱਖ ਕਿੱਤਿਆਂ ਲਈ ਟ੍ਰੇਨਿੰਗ ਵੀ ਦਿਵਾਈ ਜਾਂਦੀ ਹੈ।

ਸਕੀਮਾਂ ਤਹਿਤ ਸਾਲ 2012-13 ਤੋਂ 2014-15 ਤੱਕ 35.37 ਕਰੋੜ ਰੁਪਏ ਦੀ ਰਾਸ਼ੀ ਖਰਚ ਕੇ 3,295 ਲਾਭਪਾਤਰੀਆਂ ਨੂੰ ਕਰਜ਼ੇ ਦਿੱਤੇ ਗਏ।







ਵਧੇਰੇ ਜਾਣਕਾਰੀ ਲਈ

**Visit website : www.welfarepunjab.gov.in**

**To apply for scholarship online under;**

Post Matric Scholarship for SCs and
Post Matric Scholarship for OBCs schemes
Visit Portal: www.punjabscholarships.gov.in

Post Matric Scholarship for Minorities and
Merit-cum-Means Based Scholarship for Minorities
Visit Portal: www.momascholarship.gov.in

ਮਿਲਣ ਵਾਲੇ ਲਾਭਾਂ ਸਬੰਧੀ ਲਾਭਪਾਤਰੀਆਂ ਨੂੰ ਸਰਕਾਰ ਵੱਲੋਂ ਐਸ.ਐਮ.ਐਸ. ਰਾਹੀਂ ਵੀ ਸੂਚਿਤ ਕੀਤਾ ਜਾਂਦਾ ਹੈ।

## ਜ਼ਿਲ੍ਹਾ ਭਲਾਈ ਅਫਸਰਾਂ ਦੇ ਦਫ਼ਤਰਾਂ ਦਾ ਪਤਾ

| ਲੜੀ ਨੰਬਰ | ਜ਼ਿਲ੍ਹਾ ਅਧਿਕਾਰੀ ਦਾ ਵੇਰਵਾ | ਦਫ਼ਤਰ ਦਾ ਪਤਾ | ਟੈਲੀਫੋਨ ਮੋਬਾਈਲ |
|---|---|---|---|
| 1. | ਜ਼ਿਲ੍ਹਾ ਭਲਾਈ ਅਫਸਰ, ਅੰਮ੍ਰਿਤਸਰ | ਡਾ: ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਪਿੰਗਲਵਾੜਾ, ਤਹਿਸੀਲਪੁਰਾ, ਅੰਮ੍ਰਿਤਸਰ | 2583166<br>9465100049 |
| 2. | ਜ਼ਿਲ੍ਹਾ ਭਲਾਈ ਅਫਸਰ, ਬਠਿੰਡਾ | ਡਾ: ਬੀ.ਆਰ.ਅੰਬੇਦਕਰ ਭਵਨ, ਪਾਵਰ ਹਾਊਸ ਰੋਡ, ਬਠਿੰਡਾ | 2211915<br>9478882731 |
| 3. | ਜ਼ਿਲ੍ਹਾ ਭਲਾਈ ਅਫਸਰ, ਬਰਨਾਲਾ | ਦਫ਼ਤਰ, ਜ਼ਿਲ੍ਹਾ ਭਲਾਈ ਅਫਸਰ, ਨੇੜੇ ਕਚਿਹਰੀ ਰੋਡ, ਬਰਨਾਲਾ | 9988223641 |
| 4. | ਜ਼ਿਲ੍ਹਾ ਭਲਾਈ ਅਫਸਰ, ਫਰੀਦਕੋਟ | ਡਾ: ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਮਿੰਨੀ ਸਕੱਤਰੇਤ, ਫਰੀਦਕੋਟ | 250766<br>9915265710 |
| 5. | ਜ਼ਿਲ੍ਹਾ ਭਲਾਈ ਅਫਸਰ, ਫਤਿਹਗੜ੍ਹ ਸਾਹਿਬ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ.ਕੰਪਲੈਕਸ, ਸਾਹਮਣੇ ਸਿਵਲ ਹਸਪਤਾਲ, ਫਤਿਹਗੜ੍ਹ ਸਾਹਿਬ | 232818<br>9878016152 |
| 6. | ਜ਼ਿਲ੍ਹਾ ਭਲਾਈ ਅਫਸਰ, ਫਾਜ਼ਿਲਕਾ | ਗੰਜੂ ਹਸਤਾ ਰੋਡ, ਨੇੜੇ ਡਾ: ਸਵਿੰਦਰ ਅੱਖਾਂ ਦਾ ਹਸਪਤਾਲ, ਫਾਜ਼ਿਲਕਾ | 9357024753 |
| 7. | ਜ਼ਿਲ੍ਹਾ ਭਲਾਈ ਅਫਸਰ, ਫਿਰੋਜ਼ਪੁਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਮਾਰਕਫੈੱਡ ਦਫ਼ਤਰ, ਮਾਨਾਵਾਲਾ ਰੋਡ, ਫਿਰੋਜ਼ਪੁਰ | 220133<br>9915365757 |
| 8. | ਜ਼ਿਲ੍ਹਾ ਭਲਾਈ ਅਫਸਰ, ਗੁਰਦਾਸਪੁਰ | ਡਾ: ਬੀ.ਆਰ.ਅੰਬੇਦਕਰ ਭਵਨ, ਰੇਲਵੇ ਰੋਡ, ਨਜ਼ਦੀਕ ਪੰਜ ਪੀਰ, ਗੁਰਦਾਸਪੁਰ | 220896<br>9780600789 |
| 9. | ਜ਼ਿਲ੍ਹਾ ਭਲਾਈ ਅਫਸਰ, ਹੁਸ਼ਿਆਰਪੁਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ. ਦਫ਼ਤਰ, ਹੁਸ਼ਿਆਰਪੁਰ | 237579<br>9417202323 |

| ਲੜੀ ਨੰਬਰ | ਜ਼ਿਲ੍ਹਾ ਅਧਿਕਾਰੀ ਦਾ ਵੇਰਵਾ | ਦਫ਼ਤਰ ਦਾ ਪਤਾ | ਟੈਲੀਫੋਨ ਮੋਬਾਈਲ |
|---|---|---|---|
| 10. | ਜ਼ਿਲ੍ਹਾ ਭਲਾਈ ਅਫਸਰ, ਜਲੰਧਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ, ਮਾਸਟਰ ਤਾਰਾ ਸਿੰਘ ਨਗਰ, ਲਾਡੋਵਾਲੀ ਰੋਡ, ਜਲੰਧਰ | 2225757<br>9417202323 |
| 11. | ਜ਼ਿਲ੍ਹਾ ਭਲਾਈ ਅਫਸਰ, ਕਪੂਰਥਲਾ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਦੇਵੀ ਤਲਾਬ ਮੰਦਿਰ, ਕਪੂਰਥਲਾ | 232062<br>9872337870 |
| 12. | ਜ਼ਿਲ੍ਹਾ ਭਲਾਈ ਅਫਸਰ, ਲੁਧਿਆਣਾ | ਡਾ: ਬੀ.ਆਰ.ਅੰਬੇਦਕਰ ਭਵਨ, ਬੈਕਸਾਈਡ ਡੀ.ਸੀ. ਦਫ਼ਤਰ, ਲੁਧਿਆਣਾ | 2422255<br>9815467899 |
| 13. | ਜ਼ਿਲ੍ਹਾ ਭਲਾਈ ਅਫਸਰ, ਮਾਨਸਾ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡੀ.ਸੀ.ਕੰਪਲੈਕਸ, ਮਾਨਸਾ | 229090<br>9417312756 |
| 14. | ਜ਼ਿਲ੍ਹਾ ਭਲਾਈ ਅਫਸਰ, ਮੋਗਾ | ਡਾ: ਬੀ.ਆਰ.ਅੰਬੇਦਕਰ ਭਵਨ, ਫਿਰੋਜ਼ਪਰ ਰੋਡ, ਮੋਗਾ | 238113<br>8146100994 |
| 15. | ਜ਼ਿਲ੍ਹਾ ਭਲਾਈ ਅਫਸਰ, ਸ਼੍ਰੀ ਮੁਕਤਸਰ ਸਾਹਿਬ | ਡਾ: ਬੀ.ਆਰ.ਅੰਬੇਦਕਰ ਭਵਨ, ਬਠਿੰਡਾ ਰੋਡ, ਸ਼੍ਰੀ ਮੁਕਤਸਰ ਸਾਹਿਬ | 268847<br>9872022617 |
| 16. | ਜ਼ਿਲ੍ਹਾ ਭਲਾਈ ਅਫਸਰ, ਪਟਿਆਲਾ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਪਾਲਿਟੈਕਨਿਕ ਕਾਲਜ ਫਾਰ ਗਰਲਜ, ਪਟਿਆਲਾ | 2370574<br>9463690909 |
| 17. | ਜ਼ਿਲ੍ਹਾ ਭਲਾਈ ਅਫਸਰ, ਪਠਾਨਕੋਟ | ਦਫ਼ਤਰ, ਜ਼ਿਲ੍ਹਾ ਭਲਾਈ ਅਫਸਰ, ਨੇੜੇ ਇੰਮਪਰੂਵਮੈਂਟ ਟਰੱਸਟ, ਪਠਾਨਕੋਟ | 9780600789 |
| 18. | ਜ਼ਿਲ੍ਹਾ ਭਲਾਈ ਅਫਸਰ, ਰੂਪਨਗਰ | ਡਾ: ਬੀ.ਆਰ.ਅੰਬੇਦਕਰ ਭਵਨ, ਗਿਆਨੀ ਜ਼ੈਲ ਸਿੰਘ ਨਗਰ, ਰੂਪਨਗਰ | 220519<br>9878016512 |
| 19. | ਜ਼ਿਲ੍ਹਾ ਭਲਾਈ ਅਫਸਰ, ਸੰਗਰੂਰ | ਡਾ: ਬੀ.ਆਰ.ਅੰਬੇਦਕਰ ਭਵਨ, ਨੇੜੇ ਡਾਈਟ, ਪਟਿਆਲਾ ਗੇਟ, ਸੰਗਰੂਰ | 234379<br>9815935099 |
| 20. | ਜ਼ਿਲ੍ਹਾ ਭਲਾਈ ਅਫਸਰ, ਐਸ.ਏ.ਐਸ. ਨਗਰ | ਦਫ਼ਤਰ, ਜ਼ਿਲ੍ਹਾ ਭਲਾਈ ਅਫਸਰ, ਡੀ.ਸੀ. ਕੰਪਲੈਕਸ, ਦੂਜੀ ਮੰਜਿਲ, ਫੇਜ਼-।, ਐਸ.ਏ.ਐਸ. ਨਗਰ (ਮੋਹਾਲੀ) | 5044516<br>9988114056 |
| 21. | ਜ਼ਿਲ੍ਹਾ ਭਲਾਈ ਅਫਸਰ, ਸ਼ਹੀਦ ਭਗਤ ਸਿੰਘ ਨਗਰ | ਡਾ: ਬੀ.ਆਰ.ਅੰਬੇਦਕਰ ਭਵਨ, ਗੁੱਜਰਪੁਰ ਰੋਡ, ਨੇੜੇ ਰੇਲਵੇ ਲਾਈਨ, ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) | 8558026963 |
| 22. | ਜ਼ਿਲ੍ਹਾ ਭਲਾਈ ਅਫਸਰ, ਤਰਨਤਾਰਨ | ਦਫ਼ਤਰ, ਜ਼ਿਲ੍ਹਾ ਭਲਾਈ ਅਫਸਰ, ਗਲੀ ਵਾਲੀਆ ਵਾਲੀ, ਸਾਹਮਣੇ ਸਿਵਲ ਹਸਪਤਾਲ, ਤਰਨਤਾਰਨ | 9915365757 |

# ਮੀਡੀਆ ਵਿੱਚ ਭਲਾਈ ਵਿਭਾਗ ਦੀਆਂ ਸਰਗਰਮੀਆਂ

## Welfare Department goes online

BY CORRESPONDENT
Chandigarh

The Punjab Welfare Department on Wednesday went online with the Welfare Minister Gulzar Singh Ranike launching its official website www.welfarepunjab.gov.in.

Speaking on the occasion, Ranike said that to create awareness about the welfare schemes, disseminate the information and to bring transparency in department, a website has been developed by the Minority wing with the help of National Informatics Centre. This website contains information on rules and regulations of the department and also links with Punjab SC Finance Corporation, Punjab BC Corporation, Director SCSP, Punjab State SC Commission and Punjab State BC Commission.

Secretary Welfare Seema Jain said that the Welfare ... ready using information technology to improve its efficiency, bring more transparency and ensure good governance. She said that the web-portal "Ashirwad" was a robust platform through which the scholarship schemes of SC and BC students, covering 3,05,097 and 97,000 beneficiaries, respectively were being implemented, scholarship amount was disbursed online and maintenance allowance was paid to several lakh students, who were covered under the scheme.

+CONNECT
punjabdesk@dailypostindia.com

## ਅਨੁਸੂਚਿਤ ਜਾਤੀ ਤੇ ਪੱਛੜੀਆਂ ਸ਼੍ਰੇਣੀਆਂ ਦੀਆਂ ਭਲਾਈ ਸਕੀਮਾਂ ਲਈ 37 ਫੀਸਦੀ ਰਾਸ਼ੀ ਵਧਾਈ

## ਸ਼ਗਨ ਸਕੀਮ ਲਈ 2.57 ਕਰੋੜ ਰੁਪਏ ਦੀ ਰਾਸ਼ੀ ਜਾਰੀ : ਰਣੀਕੇ

ਚੰਡੀਗੜ੍ਹ, 11 ਦਸੰਬਰ (ਸਪੋਕਸਮੈਨ ਸਮਾਚਾਰ ਸੇਵਾ): ਪੰਜਾਬ ਸਰਕਾਰ ਵਲੋਂ ਸ਼ਗਨ ਸਕੀਮ ਲਈ 2.57 ਕਰੋੜ ਰੁਪਏ ਦੀ ਹੋਰ ਰਾਸ਼ੀ ਜਾਰੀ ਕਰ ਦਿਤੀ ਗਈ ਹੈ। ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੇ ਦਸਿਆ ਕਿ ਇਸ ਰਾਸ਼ੀ ਨਾਲ 1,716 ਲਾਭਪਾਤਰੀਆਂ ਨੂੰ ਲਾਭ ਦਿਤਾ ਜਾ ਰਿਹਾ ਹੈ। ਉਨ੍ਹਾਂ ਦਸਿਆ ਕਿ ਸ਼ਗਨ ਸਕੀਮ ਤਹਿਤ ਹੁਣ ਤਕ ਸਾਲ 2014-15 ਦੌਰਾਨ ਪੰਜਾਬ ਸਰਕਾਰ ਵਲੋਂ ਜਾਰੀ ਕੀਤੀ ਗਈ 30.82 ਕਰੋੜ ਰੁਪਏ ਦੀ ਰਾਸ਼ੀ ਨਾਲ 20,547 ਲਾਭਪਾਤਰੀਆਂ ਨੂੰ ਲਾਭ ਦਿਤਾ ਜਾ ਚੁਕਾ ਹੈ।

## ਸ਼ਗਨ ਸਕੀਮ ਲਈ 2.5... ਰੁਪਏ ਦੀ ਰਾਸ਼ੀ ਜਾਰੀ :

ਚੰਡੀਗੜ੍ਹ, 11 ਦਸੰਬਰ (ਬ. ਨ. ਸ.) : ਪੰਜਾਬ ਸਰਕਾਰ ਵੱਲੋਂ ਸ਼ਗਨ ਸਕੀਮ ਲਈ 2.57 ਕਰੋੜ ਰੁਪਏ ਦੀ ਹੋਰ ਰਾਸ਼ੀ ਜਾਰੀ ਕਰ ਦਿੱਤੀ ਗਈ ਹੈ। ਅਨੁਸੂਚਿਤ ... ਜਾਂ ਇਸ ਤੋਂ ਵੱ... ਅਤੇ ਪਰਿਵਾਰ ਦੀ ... 32,790/- ਰੁਪ...

1716

## ਭਲਾਈ ਮਹਿਕਮੇ ਦੀ ਵੈੱਬਸਾਈਟ ਲਾਂਚ

...ਗਾਰਾ : ਸੂਬੇ ਦੇ ਭਲਾਈ ਮੰਤਰੀ ਗੁਲਜ਼ਾਰ ਸਿੰਘ ਰਣੀਕੇ ... ਵਿਭਾਗ ਦੀਆਂ ਸਕੀਮਾਂ ਸਬੰਧੀ ਲੋਕਾਂ ਵਿਚ ਜਾਗਰੂਕਤਾ ਪੈਦਾ ... ਦੇ ਕੰਮਕਾਰ ਵਿਚ ਹੋਰ ਪਾਰਦਰਸ਼ਤਾ ਲਿਆਉਣ ਦੇ ਮਕਸਦ ... ਵੈੱਬਸਾਈਟ www.welfarepunjab.gov.in ਲਾਂਚ ਕੀਤੀ ... ਵੈੱਬਸਾਈਟ ਨਾਲ ... ਸ੍ਰੀ ਰਣੀਕੇ ਨੇ ਕਿਹਾ ਕਿ ਇਸ ਵੈੱਬਸਾਈਟ ਤੋਂ ਪਾਈ ਜਾਣਕਾਰੀ ... ਫਾਇਦਾ ਪਹੁੰਚੇਗਾ ਕਿਉਂਕਿ ਕਿ ਵੈੱਬਸਾਈਟ ਤੋਂ ... ਮਦਦ ਨਾਲ ਚੁੱਕਿਆ ਜਾ ਸਕਦਾ ... ਬੈਠਿਆਂ ਹੀ ਇੰਟਰਨੈੱਟ ਦੀ ਮਦਦ ਨਾਲ ... ਭਲਾਈ ਵਿਭਾਗ ਦੀ ਸਕੱਤਰ ਸੀਮਾ ਜੈਨ ਨੇ ਦੱਸਿਆ ਕਿ ਇਹ ਵੈੱਬਸਾਈਟ ... ਇਨਫੋਰਮੇਟਿਕਸ ਸੈਂਟਰ ਦੀ ਸਹਾਇਤਾ ਨਾਲ ਤਿਆਰ ਕੀਤੀ ਗਈ ਹੈ ਤੇ ਵੈੱਬਸ... ਤੇ ਮਹਿਕਮੇ ਨਾਲ ਸਬੰਧਤ ਸਾਰੇ ਅਦਾਰਿਆਂ ਜਿਵੇਂ ਕਿ ਅਨੁਸੂਚਿਤ ਜਾਤੀਆਂ ... ਪਲਾਨ, ਸਮੂਹ ਕਮਿਸ਼ਨ, ਬੋਰਡ ਅਤੇ ਕਾਰਪੋਰੇਸ਼ਨਾਂ ਦੀ ਜਾਣਕਾਰੀ ਉਪਲੱਬਧ ... ਉਨ੍ਹਾਂ ਕਿਹਾ ਕਿ ਚਾਲੂ ਸਾਲ ਦੌਰਾਨ ਕੁਝ ਹੋਰ ਸਕੀਮਾਂ ਜਿਵੇਂ ਕਿ ਸ਼ਗਨ ਸਕ... ਅਨੁਸੂਚਿਤ ਜਾਤੀਆਂ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ ਆਨਲਾਈਨ ... ਤਿਆਰ ਕੀਤੇ ਜਾ ਰਹੇ ਹਨ। ਇਸ ਮੌਕੇ ਭਲਾਈ ...

## शगुन स्कीम के लिए 2.57 करोड़ राशि जारी : रणीके

चंडीगढ़ (नरेश शर्मा) : पंजाब सरकार द्वारा शगुन स्कीम ... रुपए की राशि जारी कर दी गई है। अनुसूचित जाति ... कल्याण मंत्री गुलजार सिंह रणीके ने बताया कि इ... लाभपात्रियों को लाभ दिया जा रहा है। उन्होंने बताया कि शगुन स्कीम ... अब तक 2014-15 के दौरान पंजाब सरकार द्वारा जारी की गई 30... रुपए की राशि से 20547 लाभपात्रियों को लाभ दिया जा चुका है। रणीके ने कहा कि शगुन स्कीम के तहत अनुसूचित जातियों, ईसाई भाईचारे, पिछड़ी श्रेणियों व आर्थिक रूप से कमजोर वर्गों के परिवारों की लड़कियों के विवाह के समय 15,000 रुपए प्रति लाभपात्री के हिसाब से वित्तीय सहायता दी जाती है। ... कि यह लाभ एक परिवार की 2 लड़कियों तक ही सीमित है। ... से अधिक होनी चाहिए। परिवार की वार्षिक आय ... । कल्याण मंत्री ने कहा कि पंजाब ... पहुंचाने के लिए वचनबद्ध ... है।

## पिछड़ी श्रेणियों की कल्याण योजनाओं के लि...

**वर्ष 2014-15 के बजट में कल्याण राशि बढ़ाकर 819 करोड़ रुपए की**

चंडीगढ़, 29 दिसंबर (नरेश शर्मा): अनुसूचित जाति व पिछड़ी श्रेणियों के कल्याण को पहले मंजूरी देते हुए पंजाब सरकार द्वारा इस वर्ष कल्याण योजनाओं के लिए रखी राशि में 37.42 प्रतिशत की वृद्धि की गई है। इस संबंधी जानकारी देते हुए एक प्रवक्ता ने बताया कि सरकार अनुसूचित जातियों, पिछड़ी श्रेणियों और अल्पसंख्यक वर्गों के कल्याण के लिए वचनबद्ध है और इस वर्ष 2014-15 के बजट में कल्याण राशि बढ़ाकर 819 करोड़ रुपए कर दी गई है जोकि गत वर्ष ...96 करोड़ रुपए थी।

... जानकारी देते हुए प्रवक्ता ने बताया ... इस वर्ष सरकार अनुसूचित जातियों ...

... जा रही है। इसके अतिरिक्त अल्पसंख्यक वर्गों के लिए बहु क्षेत्रीय विकास कार्यक्रम, जिसमें अल्पसंख्यक विद्यार्थियों की छात्रवृत्ति और अल्पसंख्यक केन्द्रित ब्लाकों के बुनियादी ढांचे का विकास शामिल है, उसके लिए 278 करोड़ आरक्षित रखे गए हैं।

उन्होंने कहा कि इस प्रकार पिछड़ी श्रेणियों के विकास व विद्यार्थियों की ...

... रहे हैं। उन्... एस.सी./बी.... विधवाओं/त... जाति की विध... 15 हजार रुप... करोड़ रुपए क... दौरान पंजाब स... रही है।

प्रवक्ता ने बता... क्षेत्रों में अनुसूचित ... को घर उपलब्ध कर... करोड़ रुपए की राशि ... कहा कि पंजाब सरक... कल्याण योजनाओं ...

## भलाई स्कीमों का बजट बढ़ाया

चंडीगढ़। पंजाब सरकार ने इस साल एससी/बीसी वर्ग की भलाई योजनाओं के लिए रखी राशि में 37.42 प्रतिशत की बढ़ोतरी की है। पिछले साल के 596 करोड़ के बजट को इस साल बढ़ा कर 819 करोड़ कर दिया गया है। सरकारी प्रवक्ता ने बताया कि एससी वर्ग के विकास पर 255 करोड़ रुपये खर्च किए जा रहे हैं। अल्पसंख्यक वर्ग की योजनाओं के लिए 278 करोड़ रुपये रखे गए हैं। पिछड़े वर्गों के विकास के लिए 75.40 करोड़ रुपये रखे गए हैं। शगुन स्कीम पर 90 करोड़ रुपये खर्च किए ...

## ₹534 cr approved for post-matric scholarship

BY CORRESPONDENT
Chandigarh

... a big relief to the students of SC category to avail the benefit of post-matric scholarship, the Punjab Government has ...

Gulzar Singh Ranike said that earlier November 7 was the last date for the students to register ... some of the deserving students could not apply ...

... the ... dis... 2,1... 201... 15, ... had ... Rs ... post... SC sc...

ਸਾਲ 2014-15




**ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ, ਭਲਾਈ ਵਿਭਾਗ, ਪੰਜਾਬ**

ਐਸ.ਸੀ.ਓ. 128-129, ਸੈਕਟਰ 34-ਏ, ਚੰਡੀਗੜ੍ਹ-160022

ਫੋਨ : 0172-2600588, 2602912

**ਮਨਿਓਰਿਟੀ ਵਿੰਗ**

ਐਸ.ਸੀ.ਓ 148-149, ਤੀਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ-160022

ਟੋਲ ਫ੍ਰੀ.ਨੰ : 1800-137-0015

**Website:** www.welfarepunjab.gov.in